02

# ਰਿਪੋਰਟ ਦਾ ਸੰਖੇਪ

ਬੀ ਸੀ ਇਲੈਕਟੋਰਲ ਬਾਉਂਡਰੀਜ਼ ਕਮਿਸ਼ਨ ਸੂਬੇ ਦੇ ਚੋਣ ਹਲਕਿਆਂ ਦੀਆਂ ਹੱਦਾਂ 'ਤੇ ਵਿਚਾਰ ਕਰਨ ਲਈ ਨਿਯੁਕਤ ਕੀਤਾ ਗਿਆ ਹੈ।

**ਬ੍ਰਿਟਿਸ਼ ਕੋਲੰਬੀਆ ਨੁਮਾਇੰਦਗੀ ਵਾਲਾ ਲੋਕਤੰਤਰ ਹੈ। ਸੂਬੇ ਨੂੰ 87 ਚੋਣ ਹਲਕਿਆਂ, ਜਾਂ ਰਾਈਡਿੰਗਜ਼ ਵਿਚ ਵੰਡਿਆ ਗਿਆ ਹੈ। ਹਰ ਰਾਈਡਿੰਗ ਵਿਚ ਰਹਿੰਦੇ ਲੋਕ ਉਸ ਵਿਅਕਤੀ ਲਈ ਵੋਟ ਪਾਉਂਦੇ ਹਨ ਜਿਸ ਤੋਂ ਉਹ ਵਿਧਾਨ ਸਭਾ ਵਿਚ ਆਪਣੇ ਹਿੱਤਾਂ ਦੀ ਨੁਮਾਇੰਦਗੀ ਕਰਵਾਉਣਾ ਚਾਹੁੰਦੇ ਹਨ।**

"ਆਬਾਦੀ ਮੁਤਾਬਕ ਨੁਮਾਇੰਦਗੀ" ਦਾ ਇਹ ਸਿਸਟਮ ਇਸ ਖਿਆਲ 'ਤੇ ਆਧਾਰਿਤ ਹੈ ਕਿ ਇਕ ਵਿਅਕਤੀ ਦੀ ਵੋਟ ਦੂਜੇ ਵਿਅਕਤੀ ਦੀ ਵੋਟ ਦੇ ਬਰਾਬਰ ਹੋਣੀ ਚਾਹੀਦੀ ਹੈ, ਭਾਵੇਂ ਉਹ ਸੂਬੇ ਵਿਚ ਕਿਤੇ ਵੀ ਰਹਿੰਦੇ ਹਨ। ਅਜਿਹਾ ਹੋਣ ਦੇਣ ਲਈ, ਹਰ ਰਾਈਡਿੰਗ ਦੀ ਆਬਾਦੀ ਮੋਟੇ ਤੌਰ 'ਤੇ ਇੱਕੋ ਜਿਹੀ ਹੋਣੀ ਜ਼ਰੂਰੀ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਆਬਾਦੀ ਮੁਤਾਬਕ ਨੁਮਾਇੰਦਗੀ ਦਾ ਸਿਧਾਂਤ ਇਸ ਦੇ ਬਰਾਬਰ ਦੇ ਹੀ ਮਹੱਤਵਪੂਰਨ ਸਿਧਾਂਤ "ਅਸਰਦਾਰ ਨੁਮਾਇੰਦਗੀ" ਨਾਲ ਗੁੰਦਿਆ ਹੋਇਆ ਹੈ। ਅਸਰਦਾਰ ਨੁਮਾਇੰਦਗੀ ਇਹ ਪਛਾਣ ਕਰਦੀ ਹੈ ਕਿ ਚੁਣੇ ਹੋਏ ਨੁਮਾਇੰਦੇ ਨਾ ਸਿਰਫ ਵਿਧਾਨ ਸਭਾ ਵਿਚ ਬਹਿਣ ਅਤੇ ਵੋਟ ਪਾਉਣ, ਸਗੋਂ ਉਹ ਆਪਣੇ ਵੋਟਰਾਂ ਦੀ ਸਰਕਾਰੀ ਸੰਸਥਾਵਾਂ ਨਾਲ ਵਰਤਣ ਵਿਚ ਮਦਦ ਕਰਨ ਦਾ ਜ਼ਰੂਰੀ ਰੋਲ ਵੀ ਨਿਭਾਉਣ। ਅਦਾਲਤਾਂ ਨੇ ਇਸ ਨੂੰ ਓਮਬਡਜ਼ਪਰਸਨ (ਲੋਕਪਾਲ) ਦਾ ਰੋਲ ਕਿਹਾ ਹੈ। ਅਸਰਦਾਰ ਨੁਮਾਇੰਦਗੀ ਇਸ ਖਿਆਲ 'ਤੇ ਆਧਾਰਿਤ ਹੈ ਕਿ ਹਰ ਇਕ ਕੋਲ ਆਪਣੇ ਚੁਣੇ ਹੋਏ ਨੁਮਾਇੰਦੇ ਤੱਕ ਬਰਾਬਰ ਦੀ ਪਹੁੰਚ ਹੋਣੀ ਚਾਹੀਦੀ ਹੈ, ਖਾਸ ਕਰਕੇ ਓਮਬਡਜ਼ਪਰਸਨ ਦੇ ਰੋਲ ਵਿਚ, ਭਾਵੇਂ ਉਨ੍ਹਾਂ ਦੀ ਰਾਈਡਿੰਗ ਦਾ ਭੂਗੋਲਿਕ ਆਕਾਰ, ਆਬਾਦੀ ਦਾ ਸੰਘਣਾਪਣ ਜਾਂ ਬੁਨਿਆਦੀ ਢਾਂਚਾ ਕੋਈ ਵੀ ਹੋਵੇ।

ਬ੍ਰਿਟਿਸ਼ ਕੋਲੰਬੀਆ ਦੀ ਆਬਾਦੀ ਕਿਉਂਕਿ ਸਥਿਰ ਨਹੀਂ ਹੈ, ਇਹ ਪੱਕਾ ਕਰਨਾ ਜਾਰੀ ਰੱਖਣ ਲਈ ਕਿ ਬੀ.ਸੀ. ਦੇ ਵਸਨੀਕਾਂ ਦੀ ਆਬਾਦੀ ਮੁਤਾਬਕ ਅਸਰਦਾਰ ਨੁਮਾਇੰਦਗੀ ਹੋ ਰਹੀ ਹੈ, ਇਹ ਜ਼ਰੂਰੀ ਹੈ ਕਿ ਬੀ.ਸੀ. ਦੇ ਚੋਣ ਹਲਕਿਆਂ ਦੀ ਗਿਣਤੀ ਅਤੇ ਹੱਦਾਂ ਬਾਰੇ ਇਕ ਮਿੱਥੇ ਸਮੇਂ ਬਾਅਦ ਵਿਚਾਰ ਕੀਤੀ ਜਾਵੇ। *ਇਲੈਕਟੋਰਲ ਬਾਉਂਡਰੀਜ਼ ਕਮਿਸ਼ਨ ਐਕਟ* (ਐਕਟ) ਇਹ ਮੰਗ ਕਰਦਾ ਹੈ ਕਿ ਸੂਬੇ ਵਿਚ ਚੋਣ ਹਲਕਿਆਂ ਦੇ ਏਰੀਏ, ਹੱਦਾਂ ਅਤੇ ਨਾਂਵਾਂ ਵਿਚ ਤਬਦੀਲੀਆਂ ਦੀ




ਤਜਵੀਜ਼ ਦੇਣ ਲਈ ਹਰ ਦੂਜੀ ਸੂਬਾਈ ਇਲੈਕਸ਼ਨ ਤੋਂ ਬਾਅਦ ਇਲੈਕਟੋਰਲ ਬਾਊਂਡਰੀਜ਼ ਕਮਿਸ਼ਨ ਨਿਯੁਕਤ ਕੀਤਾ ਜਾਵੇ।

ਸਾਡਾ ਕਮਿਸ਼ਨ 21 ਅਕਤੂਬਰ, 2021 ਨੂੰ ਨਿਯੁਕਤ ਕੀਤਾ ਗਿਆ ਸੀ। ਅਸੀਂ ਹਾਂ:

ਜਸਟਿਸ ਨਿਤੀਆ ਆਇਰ, ਜਸਟਿਸ ਔਫ ਦਿ ਸੁਪਰੀਮ ਕੋਰਟ ਔਫ ਬ੍ਰਿਟਿਸ਼ ਕੋਲੰਬੀਆ (ਚੇਅਰ)

ਲਿੰਡਾ ਟਾਇਨਨ, ਲੋਕਲ ਗਵਰਮੈਂਟ ਐਡਵਾਈਜ਼ਰ

ਐਨਟਾਨ ਬੋਗਮੈਨ, ਚੀਫ ਇਲੈਕਟੋਰਲ ਆਫਿਸ ਔਫ ਬ੍ਰਿਟਿਸ਼ ਕੋਲੰਬੀਆ

ਇਸ ਰਿਪੋਰਟ ਦੇ ਚੈਪਟਰ 3 ਵਿਚ ਤੁਸੀਂ ਸਾਡੇ ਪਿਛੋਕੜ ਅਤੇ ਬੀ.ਸੀ. ਵਿਚ ਇਲੈਕਟੋਰਲ ਬਾਊਂਡਰੀਜ਼ ਕਮਿਸ਼ਨ ਦੇ ਇਤਿਹਾਸ ਬਾਰੇ ਜ਼ਿਆਦਾ ਪੜ੍ਹ ਸਕਦੇ ਹੋ।

ਐਕਟ ਆਬਾਦੀ ਮੁਤਾਬਕ ਨੁਮਾਇੰਦਗੀ ਅਤੇ ਅਸਰਦਾਰ ਨੁਮਾਇੰਦਗੀ ਦੇ ਸਿਧਾਂਤਾਂ ਦਾ ਸਾਫ਼ ਸਾਫ਼ ਹਵਾਲਾ ਦਿੰਦਾ ਹੈ। ਇਹ ਉਹ ਤਰੀਕਾ ਤੈਅ ਕਰਕੇ ਇਨ੍ਹਾਂ ਨੂੰ ਅਰਥ ਦਿੰਦਾ ਹੈ ਜਿਸ ਦੀ ਪਾਲਣਾ ਕਰਨਾ ਕਮਿਸ਼ਨ ਲਈ ਜ਼ਰੂਰੀ ਹੈ ਅਤੇ ਜਿਹੜੇ ਪੱਖ ਵਿਚਾਰੇ ਜਾਣੇ ਜ਼ਰੂਰੀ ਹਨ।

ਸਾਡੇ ਲਈ ਚੋਣ ਹਲਕਿਆਂ ਦੀਆਂ ਹੱਦਾਂ ਵਿਚ ਤਬਦੀਲੀਆਂ ਲਈ ਤਜਵੀਜ਼ਾਂ ਦੇਣਾ ਜ਼ਰੂਰੀ ਹੈ ਅਤੇ ਅਸੀਂ ਛੇ ਤੱਕ ਨਵੇਂ ਚੋਣ ਹਲਕਿਆਂ ਦੀ ਤਜਵੀਜ਼ ਦੇ ਸਕਦੇ ਹਾਂ, ਜਿਹੜੀ ਵਿਧਾਨ ਸਭਾ ਅਸੰਬਲੀ ਦਾ ਆਕਾਰ 87 ਮੈਂਬਰਾਂ ਤੋਂ ਵਧਾ ਕੇ 93 ਮੈਂਬਰ ਕਰ ਸਕਦੀ ਹੈ। ਅਸੀਂ ਮੁਢਲੀਆਂ ਪਬਲਿਕ ਮੀਟਿੰਗਾਂ, ਜਾਂ ਸੁਣਵਾਈਆਂ ਕਰ ਸਕਦੇ ਹਾਂ, ਅਤੇ ਸਾਡੇ ਲਈ ਤਜਵੀਜ਼ਸ਼ੁਦਾ ਤਬਦੀਲੀਆਂ

ਚਿੱਤਰ 1: ਨਨਾਇਮੋ, ਬੀ.ਸੀ. ਵਿਚ ਪਬਲਿਕ ਮੀਟਿੰਗ। ਕਰੈਡਿਟ: ਬੀ ਸੀ ਇਲੈਕਟੋਰਲ ਬਾਊਂਡਰੀਜ਼ ਕਮਿਸ਼ਨ। 22 ਮਾਰਚ, 2022.

ਦੀ ਮੁਢਲੀ ਰਿਪੋਰਟ, ਆਪਣੀ ਨਿਯੁਕਤੀ ਦੇ ਇਕ ਸਾਲ ਦੇ ਵਿਚ ਵਿਚ ਵਿਧਾਨ ਸਭਾ ਵਿਚ ਪੇਸ਼ ਕਰਨਾ ਜ਼ਰੂਰੀ ਹੈ। ਇਸ ਤੋਂ ਬਾਅਦ, ਆਪਣੀਆਂ ਤਜਵੀਜ਼ਾਂ ਬਾਰੇ ਲੋਕਾਂ ਦੀ ਰਾਇ ਜਾਣਨ ਲਈ ਸਾਡੇ ਲਈ ਜਨਤਕ ਸੁਣਵਾਈਆਂ (ਪਬਲਿਕ ਹੀਅਰਿੰਗਜ਼) ਕਰਨਾ ਜ਼ਰੂਰੀ ਹੈ। ਇਸ ਰਾਇ 'ਤੇ ਵਿਚਾਰ ਕਰਕੇ, ਸਾਡੇ ਲਈ ਵਿਧਾਨ ਸਭਾ ਦੇ ਮੌਜੂਦਾ ਮੈਂਬਰਾਂ (ਐੱਮ ਐੱਲ ਏਜ਼) ਨੂੰ ਸਾਡੇ ਕੋਲ ਆਪਣੇ ਵਿਚਾਰ ਦਰਜ ਕਰਵਾਉਣ ਦਾ ਮੌਕਾ ਦੇਣਾ ਜ਼ਰੂਰੀ ਹੈ। ਸਾਡੀ ਅੰਤਿਮ ਰਿਪੋਰਟ, ਜਿਸ ਵਿਚ ਕੋਈ ਵੀ ਉਹ ਸੋਧਾਂ ਹੋਣਗੀਆਂ ਜਿਹੜੀਆਂ ਅਸੀਂ ਮਿਲੀ ਰਾਇ ਦੀ ਰੌਸ਼ਨੀ ਵਿਚ ਤਜਵੀਜ਼ ਕੀਤੀਆਂ ਹੋਣਗੀਆਂ, ਸਾਡੀ ਪਹਿਲੀ ਰਿਪੋਰਟ ਦੀ ਤਾਰੀਕ ਤੋਂ ਬਾਅਦ ਦੇ ਛੇ ਮਹੀਨਿਆਂ ਵਿਚ ਵਿਚ ਪੇਸ਼ ਕੀਤੀ ਜਾਣੀ ਜ਼ਰੂਰੀ ਹੈ। ਇਹ ਫੈਸਲਾ ਵਿਧਾਨ ਸਭਾ ਨੇ ਕਰਨਾ ਹੈ ਕਿ ਕੀ ਉਸ ਨੇ ਸਾਡੀਆਂ ਸਾਰੀਆਂ ਸਿਫਾਰਸ਼ਾਂ ਪ੍ਰਵਾਨ ਕਰਨੀਆਂ ਹਨ, ਕੁਝ ਕਰਨੀਆਂ ਹਨ, ਜਾਂ ਕੋਈ ਵੀ ਨਹੀਂ ਕਰਨੀ।

ਐਕਟ ਦਾ ਸੈਕਸ਼ਨ 9 ਉਹ ਸਿਧਾਂਤ ਤੈਅ ਕਰਦਾ ਹੈ ਜਿਹੜੇ ਸਾਡੇ ਲਈ ਲਾਗੂ ਕਰਨਾ ਜ਼ਰੂਰੀ ਹੈ। ਸਾਡੇ ਲਈ ਹਰ ਚੋਣ ਹਲਕੇ ਵਿਚਲੇ ਲੋਕਾਂ ਦੀ ਔਸਤ ਗਿਣਤੀ ਦਾ ਫੈਸਲਾ, ਜਿਸ ਨੂੰ "ਇਲੈਕਟੋਰਲ ਕੋਸ਼ੈਂਟ" ਆਖਿਆ ਜਾਂਦਾ ਹੈ, ਸੂਬੇ ਦੀ ਆਬਾਦੀ ਨੂੰ ਸਾਡੇ ਵਲੋਂ ਤਜਵੀਜ਼ਾਂ ਕੀਤੇ ਗਏ ਚੋਣ ਹਲਕਿਆਂ ਦੀ ਗਿਣਤੀ ਨਾਲ ਤਕਸੀਮ ਕਰਕੇ ਕਰਨਾ ਜ਼ਰੂਰੀ ਹੈ। ਐਕਟ ਸਾਡੇ ਤੋਂ ਚੋਣ ਹਲਕੇ ਦੀਆਂ ਹੱਦਾਂ ਦੀ ਤਜਵੀਜ਼, ਭੂਗੋਲਿਕ ਵਿਚਾਰਾਂ (ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੇ ਹਿੱਸਿਆਂ ਦੀ ਪਹੁੰਚਯੋਗਤਾ, ਆਕਾਰ ਅਤੇ ਕੁਦਰਤੀ ਜੁਗਰਾਫ਼ੀਆ ਸ਼ਾਮਲ ਹਨ), ਆਬਾਦੀ 'ਤੇ ਵਿਚਾਰਾਂ (ਜਿਸ ਵਿਚ ਮਹੱਤਵਪੂਰਨ ਇਲਾਕੇ, ਵਿਰਲੀ ਵਸੋਂ, ਆਬਾਦੀ ਵਿਚ ਵਾਧੇ ਦਾ ਸੰਘਣਾਪਣ ਅਤੇ ਦਰ ਸ਼ਾਮਲ ਹਨ) ਅਤੇ ਸੰਚਾਰ ਅਤੇ ਟ੍ਰਾਂਸਪੋਰਟੇਸ਼ਨ ਦੇ ਸਾਧਨਾਂ ਦੇ ਆਧਾਰ 'ਤੇ ਕਰਨ ਦੀ ਮੰਗ ਕਰਦਾ ਹੈ। ਐਕਟ ਕਹਿੰਦਾ ਹੈ ਕਿ ਸਾਨੂੰ ਅਜਿਹੇ ਚੋਣ ਹਲਕੇ ਤਜਵੀਜ਼ ਕਰਨੇ ਚਾਹੀਦੇ ਹਨ ਜਿਨ੍ਹਾਂ ਦੀ ਆਬਾਦੀ ਇਲੈਕਟੋਰਲ ਕੋਸ਼ੈਂਟ ਦੇ +/-25% ਵਿਚ ਵਿਚ ਹੋਵੇ। ਅਸੀਂ ਇਸ ਨੂੰ "ਯੂਜ਼ਅਲ ਡੀਵੀਏਸ਼ਨ ਰੇਂਜ" ਕਹਿੰਦੇ ਹਾਂ।

ਪਰ, ਐਕਟ ਇਹ ਵੀ ਪਛਾਣ ਕਰਦਾ ਹੈ ਕਿ ਇਸ ਯੂਜ਼ਅਲ ਡੀਵੀਏਸ਼ਨ ਰੇਂਜ ਦੇ ਵਿਚ ਵਿਚ ਅਜਿਹੀਆਂ ਰਾਈਡਿੰਗਜ਼ ਦੀ ਤਜਵੀਜ਼ ਕਰਨਾ ਸਦਾ ਸੰਭਵ ਨਹੀਂ ਹੋ ਸਕਦਾ ਹੈ ਜਿਹੜੀਆਂ ਆਪਣੇ ਵਸਨੀਕਾਂ ਲਈ ਅਸਰਦਾਰ ਨੁਮਾਇੰਦਗੀ ਨੂੰ ਯਕੀਨੀ ਬਣਾਉਣ। ਇਹ ਸਾਨੂੰ ਅਜਿਹੇ ਚੋਣ ਹਲਕਿਆਂ ਲਈ ਤਜਵੀਜ਼ਾਂ ਕਰਨ ਦੀ ਆਗਿਆ ਦਿੰਦਾ ਹੈ ਜਿਨ੍ਹਾਂ ਦੀ ਆਬਾਦੀ ਯੂਜ਼ਅਲ ਡੀਵੀਏਸ਼ਨ ਰੇਂਜ ਤੋਂ ਬਾਹਰ ਰਹਿੰਦੀ ਹੈ ਜੇ ਇਹ "ਅਸਰਦਾਰ ਨੁਮਾਇੰਦਗੀ ਪ੍ਰਦਾਨ ਕਰਨ ਲਈ ਜ਼ਰੂਰੀ" ਹੈ। ਇਹ ਫੈਸਲਾ ਕਰਨ ਲਈ, ਸਾਡੇ ਲਈ ਖਾਸ ਭੂਗੋਲਿਕ ਤੱਥ ਦੇਖਣੇ ਜ਼ਰੂਰੀ ਹਨ, ਜਿਸ ਵਿਚ ਪ੍ਰਬੰਧ ਕਰਨ ਯੋਗ ਭੂਗੋਲਿਕ ਆਕਾਰ ਜਾਂ ਆਬਾਦੀ ਬਾਰੇ ਖਾਸ ਤੱਥ ਸ਼ਾਮਲ ਹਨ, ਜਿਸ ਵਿਚ ਮਹੱਤਵਪੂਰਨ ਇਲਾਕੇ ਸ਼ਾਮਲ ਹਨ।

ਆਪਣੀ ਨਿਯੁਕਤੀ ਤੋਂ ਬਾਅਦ, ਅਸੀਂ ਇਹ ਫੈਸਲਾ ਕੀਤਾ ਕਿ ਆਪਣੀ ਕੋਈ ਵੀ ਰਾਇ ਬਣਾਉਣ ਤੋਂ ਪਹਿਲਾਂ ਕਿ ਸਾਡੀਆਂ ਤਜਵੀਜ਼ਾਂ ਕੀ ਹੋਣੀਆਂ ਚਾਹੀਦੀਆਂ ਹਨ, ਅਸੀਂ ਲੋਕਾਂ ਤੋਂ ਸੁਣਨਾ ਚਾਹੁੰਦੇ ਹਾਂ। ਅਸੀਂ ਇਲਾਕਿਆਂ ਵਿਚ ਆਪ ਜਾ ਕੇ, ਵਰਚੂਅਲ ਮੀਟਿੰਗਾਂ ਕਰਕੇ ਅਤੇ ਆਪਣੇ ਵੈੱਬਸਾਈਟ, ਈਮੇਲ ਅਤੇ ਡਾਕ ਰਾਹੀਂ ਵਿਚਾਰਾਂ ਨੂੰ ਸੱਦਾ ਦੇ ਕੇ ਵੱਧ ਤੋਂ ਵੱਧ ਪਹੁੰਚਯੋਗ ਹੋਣਾ ਚਾਹੁੰਦੇ ਸੀ। ਮੁਢਲੇ ਸਲਾਹ-ਮਸ਼ਵਰੇ ਦੇ ਆਪਣੇ ਕਾਰਜ ਦੌਰਾਨ, ਅਸੀਂ 43 ਕਮਿਊਨਟੀਆਂ ਵਿਚ 50 ਪਬਲਿਕ ਮੀਟਿੰਗਾਂ ਕੀਤੀਆਂ ਅਤੇ ਸਾਨੂੰ 1,000 ਨਾਲੋਂ ਜ਼ਿਆਦਾ ਨਿੱਜੀ ਵਿਚਾਰ ਪ੍ਰਾਪਤ ਹੋਏ।

ਅਸੀਂ ਆਪਣੀ ਮੁੱਢਲੀ ਰਿਪੋਰਟ 3 ਅਕਤੂਬਰ, 2022 ਨੂੰ ਵਿਧਾਨ ਸਭਾ ਵਿਚ ਰੱਖ ਕੇ ਪੇਸ਼ ਕੀਤੀ। ਉਸ ਸਮੇਂ ਤੋਂ ਲੈ ਕੇ 22 ਨਵੰਬਰ, 2022 ਤੱਕ ਅਸੀਂ ਬ੍ਰਿਟਿਸ਼ ਕੋਲੰਬੀਅਨਾਂ ਨੂੰ ਸਾਡੀਆਂ ਮੁਢਲੀਆਂ ਸਿਫਾਰਸ਼ਾਂ 'ਤੇ ਆਪਣੇ ਵਿਚਾਰ ਦੇਣ ਲਈ ਕਿਹਾ। ਅਸੀਂ 13 ਜਨਤਕ ਸੁਣਵਾਈਆਂ ਕੀਤੀਆਂ, ਜਿੱਥੇ ਅਸੀਂ 76 ਪੇਸ਼ਕਾਰਾਂ ਤੋਂ ਸੁਣਿਆ। ਸਾਨੂੰ 800 ਨਾਲੋਂ ਜ਼ਿਆਦਾ ਲਿਖਤੀ ਵਿਚਾਰ ਮਿਲੇ। 23 ਨਵੰਬਰ, 2022 ਨੂੰ ਅਸੀਂ ਵਿਧਾਨ ਸਭਾ ਦੇ ਮੈਂਬਰਾਂ ਲਈ ਸੁਣਵਾਈਆਂ ਰੱਖੀਆਂ, ਜਿੱਥੇ ਅਸੀਂ 35 ਐੱਮ ਐੱਲ ਏਜ਼ ਦੇ ਵਿਚਾਰ ਸੁਣੇ।

ਅਸੀਂ ਆਬਾਦੀ, ਆਬਾਦੀ ਵਿਚ ਵਾਧੇ, ਭੂਗੋਲ, ਟ੍ਰਾਂਸਪੋਰਟੇਸ਼ਨ ਦੇ ਰੂਟਾਂ ਅਤੇ ਇੰਟਰਨੈੱਟ ਦੀ ਮੌਜੂਦਗੀ ਬਾਰੇ ਵੀ ਵੱਖ ਵੱਖ ਸ੍ਰੋਤਾਂ ਤੋਂ ਜਾਣਕਾਰੀ ਇਕੱਠੀ ਕੀਤੀ। ਅਸੀਂ ਆਪਣੇ ਆਪ ਨੂੰ ਬੀ.ਸੀ. ਅਤੇ ਕੈਨੇਡਾ ਵਿਚ ਚੋਣ ਹਲਕਿਆਂ ਦੀ ਹੱਦਬੰਦੀ ਦੇ ਇਤਿਹਾਸ ਬਾਰੇ, ਵੋਟ ਪਾਉਣ ਦੇ ਸੰਵਿਧਾਨਕ ਹੱਕ 'ਤੇ ਆਰਟੀਕਲ ਅਤੇ ਕੋਰਟ ਕੇਸ ਪੜ੍ਹ ਕੇ, ਅਤੇ ਅਕਾਦਮਿਕ ਮਾਹਰਾਂ ਅਤੇ ਪਿਛਲੇ ਇਲੈਕਟੋਰਲ ਬਾਉਂਡਰੀਜ਼ ਕਮਿਸ਼ਨਾਂ ਦੇ ਮੈਂਬਰਾਂ ਨਾਲ ਗੱਲਬਾਤ ਕਰਕੇ ਸਿਖਿਅਤ ਕੀਤਾ। ਆਪਣੀ ਸੋਚ

ਵਿਚਾਰ ਨੂੰ ਸੇਧ ਦੇਣ ਵਾਸਤੇ ਸਿਧਾਂਤ ਵਿਕਸਤ ਕਰਨ ਲਈ ਅਸੀਂ ਇਨ੍ਹਾਂ ਸਾਰੇ ਸ੍ਰੋਤਾਂ ਤੋਂ ਜਾਣਕਾਰੀ ਦੀ ਵਰਤੋਂ ਕੀਤੀ ਹੈ। ਤੁਸੀਂ ਐਕਟ ਵਿਚ ਵਰਤੇ ਗਏ ਸ਼ਬਦਾਂ ਦੇ ਅਰਥਾਂ, ਸਾਨੂੰ ਸੇਧ ਦੇਣ ਵਾਲੇ ਸਿਧਾਂਤਾਂ ਅਤੇ ਸਾਡੀਆਂ ਤਜਵੀਜ਼ਾਂ ਦਾ ਆਧਾਰ ਬਣਨ ਦੇ ਕਾਰਜ ਬਾਰੇ ਇਸ ਰਿਪੋਰਟ ਦੇ ਚੈਪਟਰ 4 ਵਿਚ ਜ਼ਿਆਦਾ ਪੜ੍ਹ ਸਕਦੇ ਹੋ।

ਚੈਪਟਰ 5 ਵਿਚ ਸਾਡੀਆਂ ਤਜਵੀਜ਼ਾਂ ਅਤੇ ਇਨ੍ਹਾਂ ਲਈ ਸਾਡੇ ਕਾਰਨ, ਅਤੇ ਇਸ ਦੇ ਨਾਲ ਨਾਲ ਹਰ ਤਜਵੀਜ਼ਸ਼ੁਦਾ ਚੋਣ ਹਲਕੇ ਦੀਆਂ ਹੱਦਾਂ ਦੇ ਨਕਸ਼ੇ ਅਤੇ ਏਰੀਏ ਦੇ ਨਕਸ਼ੇ ਸ਼ਾਮਲ ਹਨ ਜਿਹੜੇ ਗੁਆਂਢੀ ਚੋਣ ਹਲਕਿਆਂ ਵਿਚਕਾਰ ਸੰਬੰਧ ਦਿਖਾਉਂਦੇ ਹਨ। ਸੌਖ ਲਈ, ਅਸੀਂ ਸੂਬੇ ਨੂੰ 11 ਭੂਗੋਲਿਕ ਇਲਾਕਿਆਂ ਵਿਚ ਵੰਡਿਆ ਹੈ: ਵੈਨਕੂਵਰ ਆਈਲੈਂਡ, ਨੌਰਥ, ਪ੍ਰਿੰਸ ਜੌਰਜ ਅਤੇ ਕੈਰੀਬੂ, ਕੂਟਨੀਜ਼, ਇਨਟੀਰੀਅਰ, ਫਰੇਜ਼ਰ ਵੈਲੀ-ਲੈਂਗਲੀ- ਮੇਪਲ ਰਿਜ, ਬਰਨਬੀ-ਨਿਊ ਵੈੱਸਟਮਿਨਸਟਰ-ਟ੍ਰਾਈ-ਸਿਟੀਜ਼, ਸਰੀ, ਰਿਚਮੰਡ-ਡੈਲਟਾ, ਵੈਨਕੂਵਰ ਅਤੇ ਨੌਰਥ ਸ਼ੋਅਰ-ਸੀਅ ਟੂ ਸਕਾਈ-ਸਨਸ਼ਾਈਨ ਕੋਸਟ। ਉਹ ਉਸ ਤਰਤੀਬ ਵਿਚ ਹਨ ਜਿਹੜੀ ਅਸੀਂ ਆਪਣੇ ਸਲਾਹ ਮਸ਼ਵਰੇ ਲਈ ਵਰਤੀ ਹੈ।

ਅਸੀਂ ਛੇ ਨਵੇਂ ਚੋਣ ਹਲਕੇ ਬਣਾਉਣ ਦੀ ਤਜਵੀਜ਼ ਦਿੱਤੀ ਹੈ। ਚਾਰ ਲੋਅਰ ਮੇਨਲੈਂਡ ਵਿਚ ਹੋਣੇ ਚਾਹੀਦੇ ਹਨ ਜਿੱਥੇ ਕਈ ਚੋਣ ਹਲਕਿਆਂ ਦੀ ਆਬਾਦੀ ਇਸ ਵੇਲੇ ਇਲੈਕਟੋਰਲ ਕੋਸ਼ੈਂਟ ਤੋਂ 25% ਉੱਪਰ ਹੈ, ਅਤੇ ਇਨ੍ਹਾਂ ਦੀ ਆਬਾਦੀ ਸੂਬੇ ਦੀਆਂ ਬਾਕੀ ਰਾਈਡਿੰਗਜ਼ ਦੀ ਆਬਾਦੀ ਨਾਲੋਂ ਤੇਜ਼ੀ ਨਾਲ ਵਧਣਾ ਜਾਰੀ ਰਹਿਣ ਦਾ ਅੰਦਾਜ਼ਾ ਹੈ। ਅਸੀਂ ਇਹ ਨਵੇਂ ਚੋਣ ਹਲਕੇ ਬਰਨਬੀ, ਲੈਂਗਲੀ, ਸਰੀ ਅਤੇ ਵੈਨਕੂਵਰ ਵਿਚ ਹੋਣ ਦੀ ਤਜਵੀਜ਼ ਦਿੱਤੀ ਹੈ। ਵੈਨਕੂਵਰ ਆਈਲੈਂਡ 'ਤੇ, ਅਸੀਂ ਲੈਂਗਫੋਰਡ ਏਰੀਏ ਵਿਚ ਇਕ ਵਾਧੂ ਰਾਈਡਿੰਗ ਦੀ ਤਜਵੀਜ਼ ਦਿੱਤੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਇਸ ਤੇਜ਼ੀ ਨਾਲ ਵਧ ਰਹੇ ਇਲਾਕੇ ਵਿਚ ਚੋਣ ਹਲਕੇ ਯੂਜ਼ਅਲ ਡੀਵੀਏਸ਼ਨ ਰੇਂਜ ਦੇ ਵਿਚ ਵਿਚ ਰਹਿਣ। ਅਸੀਂ ਇਨਟੀਰੀਅਰ ਦੇ ਇਲਾਕੇ ਵਿਚ ਇਕ ਨਵੇਂ ਚੋਣ ਹਲਕੇ ਦੀ ਤਜਵੀਜ਼ ਦਿੱਤੀ ਹੈ, ਜਿਹੜਾ ਵੈੱਸਟ ਕਲੋਨਾ, ਕਲੋਨਾ, ਲੇਕ ਕੰਟਰੀ ਅਤੇ ਵਰਨਨ ਦੀਆਂ ਤੇਜ਼ੀ ਨਾਲ ਵਧ ਰਹੀਆਂ ਕਮਿਊਨਟੀਆਂ ਵਿਚਲੀ ਆਬਾਦੀ ਨੂੰ ਬਿਹਤਰ ਸੰਤੁਲਨ ਦੇਵੇਗਾ।

ਜਿਵੇਂ ਅਸੀਂ ਛੇ ਨਵੇਂ ਚੋਣ ਹਲਕਿਆਂ ਦੀ ਤਜਵੀਜ਼ ਦੇ ਰਹੇ ਹਾਂ ਅਤੇ 2021 ਦੀ ਮਰਦਮ ਸ਼ੁਮਾਰੀ ਦੇ ਅੰਕੜਿਆਂ ਦੀ ਵਰਤੋਂ ਕਰ ਰਹੇ ਹਾਂ, ਇਲੈਕਟੋਰਲ ਕੋਸ਼ੈਂਟ 53,773 ਹੈ ਅਤੇ ਹਰ ਰਾਈਡਿੰਗ ਵਿਚ ਯੂਜ਼ਅਲ ਡੀਵੀਏਸ਼ਨ ਰੇਂਜ 40,330 ਅਤੇ 67,216 ਲੋਕਾਂ ਦੇ ਵਿਚਕਾਰ ਹੈ।
ਅਸੀਂ 15 ਚੋਣ ਹਲਕਿਆਂ ਦੇ ਨਾਂਵਾਂ ਜਾਂ ਹੱਦਾਂ ਵਿਚ ਕਿਸੇ ਤਬਦੀਲੀ ਦੀ ਤਜਵੀਜ਼ ਨਹੀਂ ਦੇ ਰਹੇ।[1] ਇਸ ਨਾਲ 72 ਰਾਈਡਿੰਗਜ਼ ਰਹਿ ਜਾਂਦੀਆਂ ਹਨ ਜਿਨ੍ਹਾਂ ਦੀਆਂ ਹੱਦਾਂ ਅਡਜਸਟ ਕਰਨ ਦੀ ਅਸੀਂ ਤਜਵੀਜ਼ ਦੇ ਰਹੇ ਹਾਂ। ਇਨ੍ਹਾਂ ਵਿੱਚੋਂ ਬਹੁਤੀਆਂ ਤਬਦੀਲੀਆਂ ਛੇ ਨਵੇਂ ਚੋਣ ਹਲਕਿਆਂ ਕਰਕੇ ਹਨ। ਇਹ ਇਸ ਕਰਕੇ ਹੈ ਕਿਉਂਕਿ ਨਵਾਂ ਹਲਕਾ ਬਣਾਉਣ ਲਈ ਇਲਾਕੇ ਵਿਚਲੀਆਂ ਹੋਰ ਰਾਈਡਿੰਗਜ਼ ਦੀਆਂ ਹੱਦਾਂ ਦੀ ਅਡਜਸਟਮੈਂਟ ਕਰਨ ਦੀ ਲੋੜ ਜ਼ਰੂਰੀ ਹੁੰਦੀ ਹੈ।

ਹੋਰ ਤਜਵੀਜ਼ਸ਼ੁਦਾ ਤਬਦੀਲੀਆਂ ਉਨ੍ਹਾਂ ਕੋਸ਼ਿਸ਼ਾਂ ਦਾ ਅਕਸ ਦਿਖਾਉਂਦੀਆਂ ਹਨ ਜਿਹੜੀਆਂ ਅਸੀਂ ਜਿੰਨਾ ਵੀ ਸੰਭਵ ਹੋ ਸਕੇ ਚੋਣ ਹਲਕਿਆਂ ਦੀ ਯੂਜ਼ਅਲ ਡੀਵੀਏਸ਼ਨ ਰੇਂਜ ਨੂੰ ਇਲੈਕਟੋਰਲ ਕੋਸ਼ੈਂਟ +/- 25% ਦੇ ਵਿਚ ਵਿਚ ਲਿਆਉਣ ਲਈ ਕਰਦੇ ਹਾਂ। ਉਦਾਹਰਣ ਲਈ, ਕੂਟਨੀਜ਼ ਵਿਚ, ਮੌਜੂਦਾ ਚਾਰ ਚੋਣ ਹਲਕਿਆਂ ਵਿੱਚੋਂ ਦੋ, ਕੋਲੰਬੀਆ ਰਿਵਰ-ਰੈਵਲਸਟੋਕ ਅਤੇ ਨੈਲਸਨ-ਕਰੈਸਟਨ, ਯੂਜ਼ਅਲ ਡੀਵੀਏਸ਼ਨ ਰੇਂਜ ਤੋਂ ਥੱਲੇ ਆਉਂਦੇ ਹਨ। ਚੋਣ ਹਲਕਿਆਂ ਦੀਆਂ ਹੱਦਾਂ ਵਿਚ ਸਾਡੀਆਂ ਤਜਵੀਜ਼ਸ਼ੁਦਾ ਅਡਜਸਟਮੈਂਟਾਂ ਦੋਨਾਂ ਹਲਕਿਆਂ ਦੀ ਆਬਾਦੀ ਨੂੰ ਯੂਜ਼ਅਲ ਡੀਵੀਏਸ਼ਨ ਰੇਂਜ ਦੇ ਵਿਚ ਲਿਆਉਣਗੀਆਂ।

ਇਸ ਵੇਲੇ, 17 ਚੋਣ ਹਲਕੇ ਯੂਜ਼ਅਲ ਡੀਵੀਏਸ਼ਨ ਰੇਂਜ ਤੋਂ ਬਾਹਰ ਪੈਂਦੇ ਹਨ: ਛੇ ਵੱਧ ਤੋਂ ਵੱਧ ਨਾਲੋਂ ਉੱਪਰ ਹਨ ਅਤੇ 11 ਘੱਟ ਤੋਂ ਘੱਟ ਤੋਂ ਥੱਲੇ ਹਨ। ਸਾਡੀਆਂ ਤਜਵੀਜ਼ਸ਼ੁਦਾ ਤਬਦੀਲੀਆਂ ਪੰਜ ਰਾਈਡਿੰਗਜ਼ ਨੂੰ ਛੱਡ ਕੇ ਬਾਕੀ ਸਾਰੀਆਂ ਨੂੰ ਰੇਂਜ ਦੇ ਵਿਚ ਲਿਆਉਂਦੀਆਂ ਹਨ।

ਜਿਨ੍ਹਾਂ ਪੰਜ ਰਾਈਡਿੰਗਜ਼ ਦੀ ਆਬਾਦੀ ਘੱਟ ਤੋਂ ਘੱਟ ਯੂਜ਼ਅਲ ਡੀਵੀਏਸ਼ਨ ਤੋਂ ਹੇਠਾਂ ਰਹੀ ਹੈ, ਉਹ ਸਾਰੀਆਂ ਸੂਬੇ ਦੇ ਉੱਤਰੀ ਹਿੱਸੇ ਵਿਚ ਹਨ। ਉਹ ਨੌਰਥ ਕੋਸਟ, ਸਕੀਨਾ, ਸਟਿਕਾਈਨ, ਨੇਚਾਕੋ ਲੇਕਸ ਅਤੇ ਪੀਸ ਰਿਵਰ ਸਾਊਥ ਹਨ। ਛੇਵੀਂ ਨੌਰਦਰਨ ਰਾਈਡਿੰਗ, ਪੀਸ ਰਿਵਰ ਨੌਰਥ ਦੀ ਆਬਾਦੀ, ਯੂਜ਼ਅਲ ਡੀਵੀਏਸ਼ਨ ਰੇਂਜ ਦੇ ਨੇੜੇ ਹੈ। ਭਾਵੇਂ ਕਿ ਅਸੀਂ ਧਿਆਨ ਨਾਲ ਮੌਜੂਦਾ ਛੇ ਰਾਈਡਿੰਗਜ਼ ਨੂੰ ਪੰਜ ਵਿਚ ਇਕੱਠਾ ਕਰਨ ਲਈ ਚੋਣਾਂ 'ਤੇ ਵਿਚਾਰ ਕੀਤੀ, ਅਸੀਂ ਸਹਿਮਤ ਹੋਏ ਹਾਂ ਕਿ ਇਸ ਤਰ੍ਹਾਂ ਦੀਆਂ ਕੋਈ ਵੀ ਤਬਦੀਲੀਆਂ, ਇਨ੍ਹਾਂ

ਹਲਕਿਆਂ ਦੇ ਵਸਨੀਕਾਂ ਨੂੰ ਅਸਰਦਾਰ ਨੁਮਾਇੰਦਗੀ ਤੋਂ ਵਾਂਝਿਆਂ ਕਰ ਦੇਣਗੀਆਂ। ਇਨ੍ਹਾਂ ਰਾਈਡਿੰਗਜ਼ ਵਿੱਚੋਂ ਬਹੁਤ ਸਾਰੀਆਂ ਦੇ ਵੱਡੇ ਭੂਗੋਲਿਕ ਆਕਾਰ ਅਤੇ ਉਨ੍ਹਾਂ ਦੇ ਚੁਣੌਤੀਆਂ ਵਾਲੇ ਖੇਤਰ ਅਤੇ ਮੌਸਮ, ਅਤੇ ਨਾਲ ਨਾਲ ਟ੍ਰਾਂਸਪੋਰਟੇਸ਼ਨ ਦੀਆਂ ਸੀਮਤ ਚੋਣਾਂ ਅਤੇ ਮਾੜੇ ਇੰਟਰਨੈੱਟ ਨੇ ਸਾਨੂੰ ਮਨਾਇਆ ਹੈ ਕਿ ਇਹ ਬਿਲਕੁਲ ਜ਼ਰੂਰੀ ਹੈ ਕਿ ਅਸਰਦਾਰ ਨੁਮਾਇੰਦਗੀ ਲਈ ਉਹ ਹਲਕੇ ਆਪਣੀਆਂ ਮੌਜੂਦਾ ਹੱਦਾਂ ਕਾਇਮ ਰੱਖਣ।

ਸਾਡੀਆਂ ਤਜਵੀਜ਼ਾਂ ਨਾਲ, ਸੂਬੇ ਦੀ ਸਭ ਤੋਂ ਘੱਟ ਆਬਾਦੀ ਵਾਲੀ ਰਾਈਡਿੰਗ ਵਿਚਲੀ ਵੋਟ ਦਾ ਮਹੱਤਵ, ਸੂਬੇ ਦੀ ਸਭ ਤੋਂ ਜ਼ਿਆਦਾ ਆਬਾਦੀ ਵਾਲੀ ਰਾਈਡਿੰਗ ਵਿਚਲੀ ਵੋਟ ਦੇ ਮਹੱਤਵ ਨਾਲੋਂ ਹੁਣ ਚਾਰ ਗੁਣਾ ਜ਼ਿਆਦਾ ਨਹੀਂ ਹੋਵੇਗਾ। ਇਹ ਫਰਕ ਤਕਰੀਬਨ ਤਿੰਨ ਤੋਂ ਇਕ ਹੋਵੇਗਾ। ਸਾਡੇ ਖਿਆਲ ਵਿਚ, ਇਹ ਵੱਧ ਤੋਂ ਵੱਧ 93 ਰਾਈਡਿੰਗਜ਼ ਵਿਚ ਆਬਾਦੀ ਮੁਤਾਬਕ ਨੁਮਾਇੰਦਗੀ ਦੇ ਸਿਧਾਂਤਾਂ ਦਾ ਅਸਰਦਾਰ ਨੁਮਾਇੰਗੀ ਨਾਲ ਸੰਤੁਲਨ ਰੱਖਣ ਦਾ ਲਾਜ਼ਮੀ ਸਿੱਟਾ ਹੈ, ਜਿਵੇਂ ਕਿ ਐਕਟ ਮੰਗ ਕਰਦਾ ਹੈ।

ਉਨ੍ਹਾਂ ਚੋਣ ਹਲਕਿਆਂ ਲਈ, ਜਿਨ੍ਹਾਂ ਦੀ ਆਬਾਦੀ ਯੂਜ਼ਅਲ ਡੀਵੀਏਸ਼ਨ ਰੇਂਜ ਦੇ ਵਿਚ ਵਿਚ ਆਉਂਦੀ ਹੈ, ਉਨ੍ਹਾਂ ਦੀਆਂ ਹੱਦਾਂ ਲਈ ਸਾਡੀਆਂ ਬਹੁਤੀਆਂ ਤਜਵੀਜ਼ਸ਼ੁਦਾ ਤਬਦੀਲੀਆਂ, ਉਨ੍ਹਾਂ ਵਿਚਾਰਾਂ ਕਾਰਨ ਦਿੱਤੀਆਂ ਗਈਆਂ ਹਨ ਜਿਹੜੇ ਅਸੀਂ ਸਲਾਹ-ਮਸ਼ਵਰੇ ਦੀ ਕਾਰਵਾਈ ਦੌਰਾਨ ਪ੍ਰਾਪਤ ਕੀਤੇ। ਆਪਣੇ ਸਿਧਾਂਤਾਂ ਅਨੁਕੂਲ, ਸਾਡੀਆਂ ਸਿਫਾਰਸ਼ਾਂ ਮੌਜੂਦਾ ਹੱਦਾਂ ਨੂੰ ਕਮਿਊਨਟੀ ਵਿਚ ਪ੍ਰਵਾਨਿਤ ਬਾਰਡਰਾਂ ਨਾਲ ਜ਼ਿਆਦਾ ਮੇਲਣ ਲਈ ਸੋਧ ਕਰਦੀਆਂ ਹਨ ਜਿਵੇਂ ਕਿ ਮੁੱਖ ਸੜਕਾਂ, ਭੂਗੋਲਿਕ ਵਿਸ਼ੇਸ਼ਤਾਵਾਂ, ਅਤੇ ਮਿਊਨਿਸਪਲ ਜਾਂ ਪ੍ਰਬੰਧਕੀ ਹੱਦਾਂ। ਇਸ ਤਰੀਕੇ ਨਾਲ, ਅਸੀਂ ਅਸਰਦਾਰ ਅਤੇ ਵਾਜਬ ਸੂਬਾਈ ਨੁਮਾਇੰਦਗੀ ਵਿਚ ਆਪਣੇ ਸਾਂਝੇ ਹਿੱਤਾਂ ਦੀਆਂ ਵਸਨੀਕਾਂ ਦੀਆਂ ਧਾਰਨਾਵਾਂ ਦਾ ਆਦਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਅਸੀਂ ਗੁਆਂਢੀ ਰਾਈਡਿੰਗਜ਼ ਵਿਚਕਾਰ ਆਬਾਦੀ ਦੇ ਫ਼ਰਕ ਨੂੰ ਘਟਾਉਣ ਲਈ ਹੱਦਾਂ ਵਿਚ ਅਡਜਸਟਮੈਂਟਾਂ ਦੀ ਤਜਵੀਜ਼ ਵੀ ਦਿੰਦੇ ਹਾਂ, ਜਿਸ ਨਾਲ ਆਬਾਦੀ ਦੇ ਵਾਧੇ ਲਈ ਗੁੰਜਾਇਸ਼ ਬਣਦੀ ਹੈ ਜਿਸ ਦੀ ਅਗਲੇ ਇਲੈਕਟੋਰਲ ਬਾਉਂਡਰੀਜ਼ ਕਮਿਸ਼ਨ ਦੇ ਰਿਵੀਊ ਤੋਂ ਪਹਿਲਾਂ ਉਮੀਦ ਕੀਤੀ ਜਾਂਦੀ ਹੈ। ਸਾਡੇ ਅੰਕੜੇ ਸਾਨੂੰ ਖਾਸ ਇਲਾਕਿਆਂ ਵਿਚ ਅਨੁਮਾਨਤ ਵਾਧੇ ਦੀ ਦਰ ਦੀ ਭਵਿੱਖਬਾਣੀ ਕਰਨ ਦੀ ਆਗਿਆ ਦਿੰਦੇ ਹਨ। ਪਰ, ਅਸੀਂ ਇਹ ਗੱਲ ਭਰੋਸੇ ਨਾਲ ਨਹੀਂ ਕਹਿ ਸਕਦੇ ਕਿ ਕੀ ਇਹ ਵਾਧਾ ਇਕ ਰਾਈਡਿੰਗ ਵਿਚ ਹੋਵੇਗਾ ਜਾਂ ਇਸ ਦੀਆਂ ਗੁਆਂਢੀ ਰਾਈਡਿੰਗਜ਼ ਵਿਚ। ਸੰਭਵ ਵੱਧ ਤੋਂ ਵੱਧ ਰਾਈਡਿੰਗਜ਼ ਵਿਚ ਵਾਧੇ ਲਈ ਵੱਧ ਤੋਂ ਵੱਧ ਗੁੰਜਾਇਸ਼ ਪੈਦਾ ਕਰਕੇ, ਸਾਡੀਆਂ ਤਜਵੀਜ਼ਾਂ ਇਸ ਚੀਜ਼ ਦੀ ਸੰਭਾਵਨਾ ਨੂੰ ਘੱਟ ਕਰਦੀਆਂ ਹਨ ਕਿ ਰਾਈਡਿੰਗ ਦੀ ਆਬਾਦੀ ਅਗਲੇ ਅੱਠ ਸਾਲਾਂ ਵਿਚ ਯੂਜ਼ਅਲ ਡੀਵੀਏਸ਼ਨ ਰੇਂਜ ਤੋਂ ਬਾਹਰ ਵਧੇਗੀ ਜਾਂ ਘਟੇਗੀ।

ਅਸੀਂ ਇਹ ਪੱਕਾ ਕਰਨ ਲਈ 41 ਚੋਣ ਹਲਕਿਆਂ ਦੇ ਨਾਂ ਬਦਲਣ ਦੀ ਤਜਵੀਜ਼ ਦਿੱਤੀ ਹੈ (ਜਿਨ੍ਹਾਂ ਵਿਚ ਨਵੀਂਆਂ ਛੇ ਤਜਵੀਜ਼ਸ਼ੁਦਾ ਰਾਈਡਿੰਗਜ਼ ਵੀ ਸ਼ਾਮਲ ਹਨ) ਤਾਂ ਕਿ ਉਹ ਸਹੀ ਤਰ੍ਹਾਂ ਹਲਕੇ ਦਾ ਅਕਸ ਦਿਖਾਉਣ ਅਤੇ ਫੈਡਰਲ ਰਾਈਡਿੰਗਜ਼ ਦੇ ਨਾਂਵਾਂ ਨਾਲੋਂ ਵੱਖਰੇ ਹੋਣ।

ਆਪਣੀਆਂ ਤਜਵੀਜ਼ਾਂ ਦੇ ਚੈਪਟਰ 5 ਵਿਚ ਦਿੱਤੇ ਗਏ ਵੇਰਵਿਆਂ ਤੋਂ ਇਲਾਵਾ, ਤੁਸੀਂ ਸਾਡੇ ਵੈੱਬਸਾਈਟ bcebc.ca ਉੱਪਰ ਮੌਜੂਦਾ ਅਤੇ ਤਜਵੀਜ਼ਸ਼ੁਦਾ ਚੋਣ ਹਲਕਿਆਂ ਨਾਲ ਸਾਂਝਾ ਨਕਸ਼ਾ (ਇੰਟਰਐਕਟਿਵ ਮੈਪ) ਵੀ ਦੇਖ ਸਕਦੇ ਹੋ।

ਸਾਡੀ ਇਸ ਫਾਈਨਲ ਰਿਪੋਰਟ ਦੇ 3 ਅਪਰੈਲ, 2023 ਨੂੰ ਛਪਣ ਅਤੇ ਪੇਸ਼ ਕਰਨ ਨਾਲ, ਕਮਿਸ਼ਨ ਵਜੋਂ ਸਾਡਾ ਕੰਮ ਪੂਰਾ ਹੋ ਜਾਂਦਾ ਹੈ। ਅਸੀਂ ਉਨ੍ਹਾਂ ਬਹੁਤ ਸਾਰੇ ਬ੍ਰਿਟਿਸ਼ ਕੋਲੰਬੀਅਨਾਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰਨ ਲਈ ਸਮਾਂ ਕੱਢਿਆ ਹੈ। ਤੁਹਾਡੇ ਵਿਚਾਰ ਸਾਡੇ ਗੁੰਝਲਦਾਰ ਅਤੇ ਬਹੁਭਾਂਤੀ ਸੂਬੇ ਦੀ ਸਾਡੀ ਸਮਝ ਨੂੰ ਘੜਨ ਵਿਚ ਬਹੁਤ ਅਣਮੋਲ ਸਨ।

## ਨੋਟਸ

1. ਅਸੀਂ ਕਿਸੇ ਚੋਣ ਹਲਕੇ ਨੂੰ "ਨਾ ਬਦਲਿਆ" ਸਮਝਦੇ ਹਾਂ ਜੇ ਹੱਦਾਂ ਦੀ ਅਡਜਸਟਮੈਂਟ ਦਾ ਆਬਾਦੀ ਉੱਪਰ ਕੋਈ ਅਸਰ ਨਹੀਂ ਪਿਆ ਹੈ।